ਵਲੋਂ

ਡਾਇਰੈਕਟਰ,ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
(ਤਕਨੀਕੀ ਸਿੱਖਿਆ ਵਿੰਗ) ਚੰਡੀਗੜ੍ਹ।

ਸੇਵਾ ਵਿਚ

ਸਮੂਹ ਸੈਕਸ਼ਨਿੰਗ ਅਥਾਰਟੀਜ।

ਮੀਮੋ ਨੰ: ਸਕਾਲਰਸ਼ਿਪ ਮਿਤੀ:

ਵਿਸ਼ਾ:- ਪੋਸਟ ਮੈਟ੍ਰਿਕ ਸਕੀਮਾਂ ਦੀ ਵਿਦਿਆਰਥੀਆਂ ਨੂੰ ਵਜੀਫਾ ਦੇਣ ਲਈ ਐਫਿਡੇਵਿਟ ਦੀ ਮੰਗ ਨਾ ਕਰਨ ਸਬੰਧੀ।

ਇਸ ਸਬੰਧੀ ਡਾਇਰੈਕਟਰ ਅਨੁਸੂਚਿਤ ਜਾਤੀਆ ਅਤੇ ਪੱਛੜੀਆਂ ਸ਼ੇਣੀਆਂ ਭਲਾਈ ਵਿਭਾਂਗ ਚੰਡੀਗੜ੍ਹ ਦੇ ਮੀਮੋ ਨੰ: ਸ-17-38989-39037 ਮਿਤੀ: 12.09.2014 ( ਕਾਪੀ ਨੱਥੀ ਹੈ) ਭੇਜਦੇ ਹੋਏ ਬੇਨਤੀ ਕੀਤੀ ਜਾਦੀ ਹੈ ਕਿ ਇਹਨ੍ਹਾਂ ਹਦਾਇਤਾਂ ਨੂੰ ਆਪਣੇ ਅਤੇ ਆਪ ਦੇ ਅਧੀਨ ਆਉਦਿਆਂ ਸੰਸਥਾਵਾਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ ਅਤੇ ਇਸ ਦੀ ਪਾਲਨਾਂ ਕਰਨਾ ਯਕੀਨੀ ਬਣਾਇਆ ਜਾਵੇ।

ਨੱਥੀ/ ਉਪਰੋਕਤ ਅਨੁਸਾਰ

ਸਹੀ
ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਪਿੱਠ ਅੰਕਣ ਨੰ:-1 ਟੀ ਸਕਾਲਰਸ਼ਿਪ / ਮਿਤੀ:

ਉਪਰੋਕਤ ਦਾ ਇਕ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ੇਣੀਆ ਭਲਾਈ ਵਿਭਾਗ ਪੰਜਾਬ ਐ.ਸੀ.ਓ. ਨੰ: 128-129 ਸੈਕਟਰ 34-ਏ ਚੰਡੀਗੜ੍ਹ ਨੂੰ ਓਹਨ੍ਹਾਂ ਦੇ ਪੱਤਰ ਨੰ: 38989-39037 ਮਿਤੀ 12.09.2014 ਦੇ ਹਵਲੇ ਵਿਚ ਸੂਚਨਾ ਹਿੱਤ ਭੇਜਿਆ ਜਾਦਾ ਹੈ।

ਪਿੱਠ ਅੰਕਣ ਨੰ: 1ਟੀ.ਈ ਸਕਾਲਰਸ਼ਿਪ ਮਿਤੀ:

ਸਹੀ
ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਪਿੱਠ ਅੰਕਣ ਨੰ. 1 ਟੀ.ਈ। 646 ਸਕਾਲਰਸ਼ਿਪ / ਮਿਤੀ 30/10/14

ਉਪਰੋਕਤ ਦਾ ਇਕ ਉਤਾਰਾਂ ਪ੍ਰੋਗਰਾਮਰ (ਮੁੱਖ ਦਫਤਰ) ਨੂੰ ਸਹਿ ਪੱਤਰਾਂ ਸਮੇਤ ਵਿਭਾਂਗ ਦੀ ਵੈਬਸਾਇਟ ਦੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

30/10/2014

ਨੱਥੀ/ ਉਪਰੋਕਤ ਅਨੁਸਾਰ

ਵਧੀਕ ਡਾਇਰੈਕਟਰ,
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ.ਨੰ: 128-129, ਸੈਕਟਰ 34-ਏ, ਚੰਡੀਗੜ੍ਹ।

ਸੇਵਾ ਵਿਖੇ

1. ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ।

2. ਡਾਇਰੈਕਟਰ,
ਸਿੱਖਿਆ ਵਿਭਾਗ (ਕਾਲਜਿਜ)

3. ਡਾਇਰੈਕਟਰ,
ਸਿੱਖਿਆ ਵਿਭਾਗ (ਸੈਕੰਡਰੀ),
ਪੰਜਾਬ,ਚੰਡੀਗੜ੍ਹ;

4. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, (ਤਕਨੀਕੀ ਸਿਖਿਆ ਵਿੰਗ) (ਉਦਯੋਗਿਕ ਸਿਖਲਾਈ ਸੰਸਥਾ ਵਿੰਗ),
ਚੰਡੀਗੜ੍ਹ;

5. ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿਖਿਆ,
ਪੰਜਾਬ, ਚੰਡੀਗੜ੍ਹ;

6. ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ,
ਚੰਡੀਗੜ੍ਹ।

7. ਸਮੂਹ ਜਿਲਾ ਭਲਾਈ ਅਫਸਰ,
ਪੰਜਾਬ ਰਾਜ।

ਮੀਮੋ ਨੰਬਰ: ਐ-1ਟ - 38989-39037
ਮਿਤੀ,ਚੰਡੀਗੜ੍ਹ 1/9/2015.

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮਾਂ ਅਧੀਨ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਲਈ ਐਫੀਡੇਵਿਟ ਦੀ ਮੰਗ ਨਾ ਕਰਨ ਸਬੰਧੀ।

ਭਲਾਈ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਕਾਲਰਸ਼ਿਪ ਸਕੀਮਾਂ ਅਧੀਨ ਯੋਗ ਵਿਦਿਆਰਥੀਆਂ ਵੱਲੋਂ ਵਜ਼ੀਫੇ ਲਈ ਅਪਲਾਈ ਕਰਨ ਸਮੇਂ ਸਬੰਧਤ ਸੰਸਥਾਵਾਂ/ਸੁਵਿਧਾ ਸੈਂਟਰਾਂ ਵੱਲੋਂ ਆਮਦਨ ਸਬੰਧੀ ਐਫੀਡੇਵਿਟ ਦੀ ਮੰਗ ਕੀਤੀ ਜਾਂਦੀ ਹੈ, ਜਦ ਕਿ ਪੰਜਾਬ ਸਰਕਾਰ, ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਵੱਖ ਵੱਖ ਵਿਭਾਗਾਂ ਅਤੇ ਅਦਾਰਿਆਂ ਅਧੀਨ ਆਮ ਲੋਕਾਂ ਤੋਂ ਐਫੀਡੇਵਿਟ ਦੀ ਮੰਗ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕਾਲਰਸ਼ਿਪ

ਸਕੀਮਾਂ ਅਧੀਨ ਵਿਦਿਆਰਥੀਆਂ ਵੱਲੋਂ ਵਜ਼ੀਫੇ ਲਈ ਅਪਲਾਈ ਕਰਨ ਸਮੇਂ ਆਮਦਨ ਦੇ ਸਬੂਤ ਵਜੋਂ ਐਫੀਡੇਵਿਟ ਦੀ ਥਾਂ ਸਿਰਫ Self declaration ਹੀ ਲਿਆ ਜਾਵੇ, ਤਾਂ ਜੋ ਵਿਦਿਆਰਥੀਆਂ ਨੂੰ ਕਿਸੇ ਕਿਸਮ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ। ਇਸ ਸਬੰਧ ਵਿੱਚ ਜਿਲੇ ਦੀਆਂ ਸਮੂਹ ਸੰਸਥਾਵਾਂ ਅਤੇ ਸੁਵਿਧਾ ਸੈਂਟਰਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

ਡਾਇਰੈਕਟਰ

ਪਿਠ ਅੰਕਣ ਨੰ:ਸ-17/ ਮਿਤੀ,ਚੰਡੀਗੜ੍ਹ

ਉਤਾਰਾ:- ਪ੍ਰਮੁੱਖ ਸਕੱਤਰ ਪੰਜਾਬ ਸਰਕਾਰ,ਪ੍ਰਸ਼ਾਸਨਿਕ ਸੁਧਾਰ ਵਿਭਾਗ ਨੂੰ ਉਨ੍ਹਾਂ ਦੇ ਅ.ਸ.ਪੱਤਰ ਨੰ: 3/7/2010-ਟ੍ਰੇਨਿ.3(GR-II)/303211/1 ਮਿਤੀ 8-9-2014 ਜੋ ਸਕੱਤਰ ਭਲਾਈ ਜੀ ਨੂੰ ਸੰਬੋਧਿਤ ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

2. ਸਕੱਤਰ ਪੰਜਾਬ ਸਰਕਾਰ, ਭਲਾਈ ਵਿਭਾਗ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ